**Victorian Equal Opportunity & Human Rights Commission**



# ਧਰਮ ਲਈ ਸਥਾਨਾਂ ਦਾ ਸੁਰੱਖਿਅਤ ਹੋਣਾ ਯਕੀਨੀ ਬਣਾਉਣਾ

## ਧਾਰਮਿਕ ਲੋਕਾਂ ਨੂੰ ਉਹਨਾਂ ਦੇ ਅਸਲ ਜਾਂ ਸੰਭਾਵਿਤ ਜਿਨਸੀ ਝੁਕਾਅ ਜਾਂ ਲਿੰਗ ਪਛਾਣ ਦੇ ਕਾਰਨ ਹੋਣ ਵਾਲੇ ਨੁਕਸਾਨ ਨੂੰ ਹੋਣ ਤੋਂ ਰੋਕਣਾ

ਜਿਨਸੀ ਝੁਕਾਅ ਅਤੇ ਲਿੰਗ ਪਛਾਣ ਬਾਰੇ ਗੱਲ ਕਰਨਾ ਧਾਰਮਿਕ ਭਾਈਚਾਰਿਆਂ ਲਈ ਪੇਚੀਦਾ ਹੋ ਸਕਦਾ ਹੈ। ਪਰ ਜਦੋਂ ਉਹ ਲੋਕ ਜੋ ਕੁਇਰ, ਟ੍ਰਾਂਸ ਜਾਂ ਲਿੰਗ-ਵਿਭਿੰਨ ਹਨ, ਉਹਨਾਂ ਦੇ ਧਰਮ ਵਾਲੇ ਭਾਈਚਾਰਿਆਂ ਵੱਲੋਂ ਆਪਣਾ ਸਮਰਥਨ ਹੁੰਦਾ ਮਹਿਸੂਸ ਨਹੀਂ ਕਰਦੇ ਹਨ ਤਾਂ, ਖੋਜ ਸਾਨੂੰ ਦੱਸਦੀ ਹੈ ਕਿ ਉਹਨਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਦਾ ਅਨੁਭਵ ਹੋ ਸਕਦਾ ਹੈ।

2022 ਵਿੱਚ, ਵਿਕਟੋਰੀਆ ਵਿੱਚ ਇੱਕ ਨਵਾਂ ਕਾਨੂੰਨ ਲਾਗੂ ਹੋਇਆ ਹੈ – *ਤਬਦੀਲੀ ਜਾਂ ਦਬਾਉਣ (ਪਰਿਵਰਤਨ) ਦੇ ਅਭਿਆਸਾਂ ਦੀ ਮਨਾਹੀ ਐਕਟ 2021 (Change or Suppression (Conversion) Practices Prohibition Act 2021)* – ਜੋ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ-ਪਹਿਚਾਣ ਨੂੰ ਬਦਲਣ ਜਾਂ ਦਬਾਉਣ ਦੀਆਂ ਕੋਸ਼ਿਸ਼ਾਂ 'ਤੇ ਪਾਬੰਦੀ ਲਗਾਉਂਦਾ ਹੈ। ਕੁਇਰ, ਟ੍ਰਾਂਸ ਅਤੇ ਲਿੰਗ-ਵਿਭਿੰਨ ਲੋਕਾਂ ਦੀ ਹੋਂਦ ਦੀ ਪੁਸ਼ਟੀ ਕਰਨਾ ਉਨ੍ਹਾਂ ਦੀ ਸਿਹਤ ਅਤੇ ਤੰਦਰੁਸਤੀ ਲਈ ਜ਼ਰੂਰੀ ਹੈ।

### ਤਬਦੀਲੀ ਜਾਂ ਦਬਾਉਣ ਦੇ ਅਭਿਆਸ ਕੀ ਹਨ?

ਕਈ ਵਾਰ 'ਪਰਿਵਰਤਨ ਥੈਰੇਪੀ' ਕਹੇ ਜਾਣ ਵਾਲੇ ਤਬਦੀਲੀ ਜਾਂ ਦਬਾਉਣ ਦੇ ਅਭਿਆਸ ਉਹ ਗਤੀਵਿਧੀਆਂ ਹੁੰਦੀਆਂ ਹਨ ਜੋ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਲੁਕਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਨ੍ਹਾਂ ਅਭਿਆਸਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸਿੱਖਿਆਵਾਂ
- ਕਾਉਂਸਲਿੰਗ (ਸਮਝਾਉਣਾ-ਬੁਝਾਉਣਾ)
- ਅਧਿਆਤਮਿਕ ਦੇਖਭਾਲ ਦੀਆਂ ਗਤੀਵਿਧੀਆਂ
- ਹੋਰ ਮਨੋਵਿਗਿਆਨਕ ਜਾਂ ਡਾਕਟਰੀ ਦਖਲ।

ਇਹ ਅਭਿਆਸ ਝੂਠੇ ਅਤੇ ਨੁਕਸਾਨਦੇਹ ਦਾਅਵੇ 'ਤੇ ਆਧਾਰਿਤ ਹਨ ਕਿ ਕੁਇਰ, ਟ੍ਰਾਂਸ ਅਤੇ ਲਿੰਗ-ਵਿਭਿੰਨ ਲੋਕਾਂ ਬਾਰੇ ਕੁੱਝ ਗਲਤ ਜਾਂ ਸਹੀ ਨਹੀਂ ਹੈ।

ਇਸ ਗੱਲ ਦਾ ਸਬੂਤ ਮੌਜੂਦ ਹੈ ਕਿ ਇਹ ਅਭਿਆਸ ਡੂੰਘਾ ਨੁਕਸਾਨ, ਨਿਰੰਤਰ ਚੱਲਣ ਵਾਲੇ ਸਦਮੇ, ਲੰਬੇ ਸਮੇਂ ਲਈ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੇ ਹਨ ਅਤੇ ਖੁਦਕੁਸ਼ੀ ਦੇ ਜ਼ੋਖਮ ਨੂੰ ਵਧਾ ਸਕਦੇ ਹਨ।

### ਕਿਹੜੇ ਅਭਿਆਸ ਕਾਨੂੰਨ ਦੇ ਵਿਰੁੱਧ ਹਨ?

ਫਰਵਰੀ 2022 ਤੋਂ, ਵਿਕਟੋਰੀਆ ਵਿੱਚ ਤਬਦੀਲੀ ਜਾਂ ਦਬਾਉਣ ਦੇ ਅਭਿਆਸਾਂ 'ਤੇ ਪਾਬੰਦੀ ਹੈ। ਇਹ ਕਾਨੂੰਨ ਤਬਦੀਲੀ ਜਾਂ ਦਬਾਉਣ ਦੇ ਅਭਿਆਸਾਂ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦਾ ਹੈ:

**ਕਿਸੇ ਵਿਅਕਤੀ ਵੱਲ ਨਿਰਦੇਸ਼ਿਤ ਅਭਿਆਸ ਜਾਂ ਆਚਰਣ**

**ਉਹਨਾਂ ਦੇ ਜਿਨਸੀ ਝੁਕਾਅ ਜਾਂ ਲਿੰਗ ਪਛਾਣ ਦੇ ਆਧਾਰ 'ਤੇ**

**ਉਹਨਾਂ ਦੀ ਸਹਿਮਤੀ ਨਾਲ ਜਾਂ ਸਹਿਮਤੀ ਤੋਂ ਬਗ਼ੈਰ ਉਹਨਾਂ ਦੇ ਜਿਨਸੀ ਝੁਕਾਅ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਦਬਾਉਣ ਦੇ ਉਦੇਸ਼ ਲਈ**

ਇਸ ਕਾਨੂੰਨ ਦੇ ਤਹਿਤ, ਸੱਟ ਜਾਂ ਗੰਭੀਰ ਸੱਟ ਦਾ ਕਾਰਨ ਬਣਨ ਵਾਲੀ ਤਬਦੀਲੀ ਜਾਂ ਦਬਾਉਣ ਦੇ ਅਭਿਆਸ ਇੱਕ ਅਪਰਾਧਿਕ ਜ਼ੁਰਮ ਹੋ ਸਕਦੇ ਹਨ। ਇਸ ਵਿੱਚ ਸ਼ਾਮਲ ਹਨ:

- ਉਹ ਅਭਿਆਸ ਜੋ ਸਰੀਰਕ ਸੱਟ ਜਾਂ ਮਾਨਸਿਕ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ, ਭਾਵੇਂ ਅਸਥਾਈ ਜਾਂ ਸਥਾਈ ਹੋਣ
- ਉਹ ਅਭਿਆਸ ਜੋ ਗੰਭੀਰ ਸੱਟਾਂ ਦਾ ਕਾਰਨ ਬਣਦੇ ਹਨ - ਇੱਕ ਅਜਿਹੀ ਸੱਟ ਜੋ ਜੀਵਨ ਨੂੰ ਖ਼ਤਰੇ ਵਿੱਚ ਪਾਉਂਦੀ ਹੈ ਜਾਂ ਮਹੱਤਵਪੂਰਨ ਅਤੇ ਲੰਮੀ ਹੁੰਦੀ ਹੈ
- ਕਿਸੇ ਨੂੰ ਵਿਕਟੋਰੀਆ ਤੋਂ ਬਾਹਰ ਅਜਿਹੇ ਅਭਿਆਸ ਲਈ ਲਿਜਾਣਾ ਜਿਸ ਨਾਲ ਸੱਟ ਲੱਗਦੀ ਹੋਵੇ
- ਤਬਦੀਲੀ ਜਾਂ ਦਬਾਉਣ ਬਾਰੇ ਅਭਿਆਸ ਦਾ ਇਸ਼ਤਿਹਾਰ ਦੇਣਾ।

ਭਾਵੇਂ ਕੋਈ ਵਿਅਕਤੀ ਆਪਣੇ ਜਿਨਸੀ ਝੁਕਾਅ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਦਬਾਉਣ ਲਈ ਮੱਦਦ ਮੰਗਦਾ ਹੈ, ਇਨ੍ਹਾਂ ਅਭਿਆਸਾਂ ਨੂੰ ਕਰਨਾ ਜਾਂ ਕਿਸੇ ਅਜਿਹੇ ਵਿਅਕਤੀ ਦਾ ਰੈਫ਼ਰਲ ਪ੍ਰਦਾਨ ਕਰਨਾ ਜੋ ਅਜਿਹਾ ਕਰਦਾ ਹੈ ਇਹ ਸਭ ਕਾਨੂੰਨ ਦੇ ਵਿਰੁੱਧ ਹੈ।

### ਮੈਡੀਕਲ ਅਤੇ ਮਨੋਵਿਗਿਆਨਕ ਪੇਸ਼ੇਵਰ

ਸਿਹਤ ਪੇਸ਼ੇਵਰਾਂ ਵੱਲੋਂ ਡਾਕਟਰੀ ਅਤੇ ਮਨੋਵਿਗਿਆਨਕ ਇਲਾਜ ਪ੍ਰਦਾਨ ਕਰਨਾ ਜਾਰੀ ਰੱਖਣਾ ਲਾਜ਼ਮੀ ਹੈ ਜੋ ਉਨ੍ਹਾਂ ਦੇ ਪੇਸ਼ੇਵਰ ਮਾਪਦੰਡਾਂ ਦੇ ਅਨੁਸਾਰ ਹਨ। ਇਸ ਵਿੱਚ ਕਿਸੇ ਵਿਅਕਤੀ ਨੂੰ ਲੋੜੀਂਦੇ ਸਹਾਇਕ ਡਾਕਟਰੀ ਜਾਂ ਮਨੋਵਿਗਿਆਨਕ ਇਲਾਜ ਲਈ ਰੈਫ਼ਰ ਕਰਨਾ ਸ਼ਾਮਲ ਹੋ ਸਕਦਾ ਹੈ। ਸਿਹਤ ਪੇਸ਼ੇਵਰ ਜੋ ਇਸ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦੇ ਹਨ, ਉਹ ਇਸ ਕਾਨੂੰਨ ਦੀ ਉਲੰਘਣਾ ਕਰ ਰਹੇ ਹੋ ਸਕਦੇ ਹਨ।

*ਇਹ ਕਾਨੂੰਨ ਇਹ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ ਕਿ ਸਾਰੇ ਲੋਕ ਆਪਣੇ ਧਰਮ ਦਾ ਆਨੰਦ ਮਾਣ ਸਕਣ ਜਿੰਨਾ ਚਿਰ ਉਹ ਤਬਦੀਲੀ ਜਾਂ ਦਬਾਉਣ ਦੇ ਅਭਿਆਸਾਂ ਨੂੰ ਨਹੀਂ ਕਰਦੇ ਹਨ।*

## ਵਿਕਟੋਰੀਅਨ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਭੂਮਿਕਾ ਕੀ ਹੈ?

ਇਹ ਕਮਿਸ਼ਨ ਹੇਠਾਂ ਦਿੱਤੇ ਕੰਮ ਕਰ ਸਕਦਾ ਹੈ:

- ਤਬਦੀਲੀ ਜਾਂ ਦਬਾਉਣ ਦੇ ਅਭਿਆਸਾਂ ਦੀਆਂ ਰਿਪੋਰਟਾਂ ਪ੍ਰਾਪਤ ਕਰ ਸਕਦਾ ਹੈ ਅਤੇ ਕਿਸੇ ਹੋਰ ਸੰਸਥਾ ਦਾ ਹਵਾਲਾ ਦੇਣ ਸਮੇਤ ਕਿਸੇ ਨਤੀਜੇ ਦੀ ਭਾਲ ਕਰ ਸਕਦਾ ਹੈ
- ਤਬਦੀਲੀ ਜਾਂ ਦਬਾਉਣ ਦੇ ਅਭਿਆਸਾਂ ਦੀ ਜਾਂਚ ਕਰ ਸਕਦਾ ਹੈ ਜੋ ਗੰਭੀਰ, ਪ੍ਰਣਾਲੀਗਤ ਜਾਂ ਨਿਰੰਤਰ ਹੁੰਦੇ ਜਾਪਦੇ ਹਨ
- ਧਾਰਮਿਕ ਸੰਸਥਾਵਾਂ, ਸਿਹਤ ਪ੍ਰਦਾਤਾਵਾਂ ਅਤੇ ਧਾਰਮਿਕ ਲੋਕਾਂ ਨੂੰ ਟੀਚਾਗਤ ਸਿੱਖਿਆ ਪ੍ਰਦਾਨ ਕਰ ਸਕਦਾ ਹੈ।

## ਤਬਦੀਲੀ ਜਾਂ ਦਬਾਉਣ ਦੇ ਅਭਿਆਸਾਂ ਦੀ ਰਿਪੋਰਟ ਕਿਵੇਂ ਕਰੀਏ

ਜੇਕਰ ਤੁਸੀਂ ਤਬਦੀਲੀ ਜਾਂ ਦਬਾਉਣ ਦੇ ਅਭਿਆਸਾਂ ਦਾ ਅਨੁਭਵ ਕੀਤਾ ਹੈ ਜਾਂ ਦੇਖਿਆ ਹੈ, ਤਾਂ ਤੁਸੀਂ (ਜਾਂ ਤੁਹਾਡੇ ਵੱਲੋਂ ਨਾਮਜ਼ਦ ਕੀਤਾ ਗਿਆ ਪ੍ਰਤੀਨਿਧੀ) ਇਸਦੀ ਵਿਕਟੋਰੀਅਨ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਰਿਪੋਰਟ ਕਰ ਸਕਦੇ ਹੋ।

**ਫ਼ੋਨ** 1300 292 153
**ਦੁਭਾਸ਼ੀਏ** 1300 152 494
**ਈਮੇਲ** enquiries@veohrc.vic.gov.au
**ਔਨਲਾਈਨ** humanrights.vic.gov.au/get-help/

### ਮੱਦਦ ਅਤੇ ਸਹਾਇਤਾ

Rainbow Door (ਰੇਨਬੋਅ ਡੋਰ) ਮਾਹਰ LGBTIQ ਜਾਣਕਾਰੀ, ਸਹਾਇਤਾ ਅਤੇ ਰੈਫ਼ਰਲ ਸੇਵਾਵਾਂ ਪ੍ਰਦਾਨ ਕਰਦਾ ਹੈ।

**ਫ਼ੋਨ** 1800 729 367
**SMS** 0480 017 246
**ਈ-ਮੇਲ** support@rainbowdoor.org.au

### ਹੋਰ ਸਰੋਤ

**ਤਬਦੀਲੀ ਜਾਂ ਦਬਾਉਣ (ਪਰਿਵਰਤਨ) ਅਭਿਆਸਾਂ ਦੀ ਮਨਾਹੀ ਐਕਟ ਬਾਰੇ**
humanrights.vic.gov.au/change-or-suppression-practices/about-the-csp-act/

**ਆਸਟ੍ਰੇਲੀਅਨ GLBTIQ ਮਲਟੀਕਲਚਰਲ ਕੌਂਸਲ – ਬਹੁ-ਸੱਭਿਆਚਾਰਕ ਅਤੇ ਬਹੁ-ਧਰਮੀ LGBTIQ ਵਿਅਕਤੀਆਂ ਅਤੇ ਭਾਈਚਾਰਕ ਸਮੂਹਾਂ ਲਈ ਸਿਖਰ ਸੰਸਥਾ**
agmc.org.au